ISSN: 2584-0509



# ਨਜ਼ਮ ਦੀ ਆਤਮਕਥਾ: ਸੱਤਾ ਤੇ ਮੰਡੀ ਦਾ ਪ੍ਰਵਚਨ



ਗਗਨਦੀਪ ਸਿੰਘ

**ਅਬਲੋਵਾਲ**

**ਖੋਜਾਰਥੀ, ਪੰਜਾਬੀ ਵਿਭਾਗ**

**ਦਿੱਲੀ ਯੂਨੀਵਰਸਿਟੀ, ਦਿੱਲੀ**

gaganablowal1991@gmail.com

ਮੋਹਨ ਤਿਆਗੀ ਸਮਕਾਲੀ ਪੰਜਾਬੀ ਕਵਿਤਾ ਦਾ ਮਹੱਤਵਪੂਰਨ ਸ਼ਾਇਰ ਹੈ। ਉਸਦਾ ਕਾਵਿ-ਸਫ਼ਰ 'ਧੂਏ ਦਾ ਦਸਤਾਵੇਜ਼'(2000) ਪੁਸਤਕ ਨਾਲ ਆਰੰਭ ਹੁੰਦਾ ਹੈ। ਇਸਤੋਂ ਇਲਾਵਾ ਉਸਦੀਆਂ ਕਾਵਿ-ਪੁਸਤਕਾਂ ਹਨ: ਰੂਹ ਦਾ ਰੇਗਿਸਤਾਨ, ਲਹੂ ਦੀ ਵਿਰਾਸਤ(2010) ਅਤੇ ਨਜ਼ਮ ਦੀ ਆਤਮਕਥਾ (2018)। ਉਸਨੇ ਸਾਹਿਤ ਆਲੋਚਨਾ ਤੇ ਲੋਕਧਾਰਾ ਦੇ ਖੇਤਰ ਵਿੱਚ ਵੀ ਕੰਮ ਕੀਤਾ ਹੈ। ਉਹ ਉਨ੍ਹਾਂ ਚੰਦ ਕਵੀਆਂ ਵਿੱਚੋਂ ਹੈ ਜੋ ਸੱਤਾ/ਮੰਡੀ ਦੇ ਖੌਫ਼ਨਾਕ ਅਮਾਨਵੀ ਵਰਤਾਰਿਆਂ ਪ੍ਰਤੀ ਤਿੱਖੀ ਕਾਵਿ-ਭਾਸ਼ਾ ਜ਼ਰੀਏ ਵਿਰੋਧ ਹੀ ਨਹੀਂ ਸਿਰਜਦੇ ਸਗੋਂ ਆਪਣੀ ਵਿਚਾਰਧਾਰਕ ਸੂਝ ਨਾਲ ਸੱਤਾ ਤੇ ਮੰਡੀ ਦੁਆਰਾ ਨਿਰਮਿਤ ਇਨ੍ਹਾਂ ਸਮਕਾਲੀਨ ਵਿਕਰਾਲ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਕਰਦੇ ਹੋਏ ਕਾਵਿਕ ਪ੍ਰਹਾਰ ਵੀ ਕਰਦੇ ਹਨ, ਅਜਿਹਾ ਕਰਦਿਆਂ ਉਸਦੀ ਕਵਿਤਾ ਆਪਣੇ ਕਲਾਤਮਕ ਪ੍ਰਕਾਰਜ ਨਾਲ ਵੀ ਜੁੜੀ ਰਹਿੰਦੀ ਹੈ। ਤਿਆਗੀ ਆਪਣੀਆਂ ਜੜ੍ਹਾਂ, ਪ੍ਰੰਪਰਾ ਤੇ ਗੌਰਵਸ਼ਾਲੀ ਇਤਿਹਾਸ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ ਜਿੱਥੋਂ ਉਸਦੀ ਸ਼ਾਇਰੀ ਆਪਣੀ ਊਰਜਾ/ਪ੍ਰੇਰਨਾ ਗ੍ਰਹਿਣ ਕਰਦੀ ਹੈ।

ਤਕਨਾਲੋਜੀ ਦੇ ਵਿਕਾਸ ਕਾਰਨ ਵਿਸ਼ਵੀਕਰਨ ਦਾ ਪਾਸਾਰ ਵੱਡੇ ਪੱਧਰ ਤੇ ਹੋਇਆ ਹੈ। ਉਤਪਾਦਨ ਦੇ ਸਾਧਨ ਬਦਲਣ ਨਾਲ ਸਾਡੀਆਂ ਸਮਾਜਿਕ, ਆਰਥਿਕ, ਰਾਜਸੀ, ਸਭਿਆਚਾਰਕ ਪ੍ਰਸਥਿਤੀਆਂ ਵਿੱਚ ਬਦਲਾਵ ਆਇਆ ਹੈ। ਸਮਕਾਲੀ ਮਨੁੱਖ ਇੱਕ ਬਿਲਕੁਲ ਨਵੇਂ ਤੇ ਹੈਰਾਨੀਜਨਕ ਯਥਾਰਥ ਸਾਹਮਣੇ ਭਮੱਤਰਿਆ ਖੜ੍ਹਾ ਹੈ। ਉਸਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ, ਸੁਪਨੇ, ਆਦਰਸ਼, ਬਾਹਰੀ ਯਥਾਰਥ ਪ੍ਰਤੀ ਵਤੀਰਾ ਸਭ ਬਦਲ ਗਏ ਹਨ। ਉਹ ਸਮਾਜ ਨਾਲੋਂ ਟੁੱਟਿਆ ਹੋਇਆ ਮਹਿਸੂਸ ਕਰ ਰਿਹਾ ਹੈ। ਉਸਦੇ ਉੱਪਰ ਇੱਕੋ ਸਮੇਂ ਸੱਤਾ ਤੇ ਮੰਡੀ ਦੇ ਹਮਲੇ ਹੋ ਰਹੇ ਹਨ। ਅਜਿਹੇ ਸਮੇਂ ਉਸਨੂੰ ਕੋਈ ਠੋਸ ਵਿਚਾਰਧਾਰਕ ਰਣਨੀਤੀ/ਢੰਗ ਨਹੀਂ ਲੱਭ ਰਿਹਾ ਕਿ ਉਹ ਅਜਿਹੀਂਆਂ ਪ੍ਰਸਥਿਤੀਆਂ ਨਾਲ ਸਿੰਝ ਸਕੇ। ਸਮਕਾਲੀ ਸਮਾਜਿਕ/ਰਾਜਸੀ ਯਥਾਰਥ ਨੂੰ ਆਪਣੀ ਕਵਿਤਾਵਾਂ ਰਾਹੀ ਚਿਤਰਣਾ ਤਿਆਗੀ-ਕਾਵਿ ਦੀ ਵਿਲੱਖਣਤਾ ਹੈ। ਉਸਦੀ ਕਵਿਤਾ ਕੋਲ ਅਜਿਹੀ ਵਿਚਾਰਧਾਰਕ ਸੂਝ ਹੈ ਜਿਸ ਨਾਲ ਉਹ ਵਿਸ਼ਵੀਕਰਨ/ਸੱਤਾ ਦੁਆਰਾ ਸਿਰਜੀਆਂ ਭ੍ਰਮਿਕ ਪ੍ਰਸਥਿਤੀਂਆਂ ਦਾ ਖੰਡਨ ਕਰਦੀ ਹੋਈ ਇਨ੍ਹਾਂ ਵਿਚੋਂ ਨਿਕਲਣ ਲਈ ਵਿਚਾਰਧਾਰਕ ਤੌਰ ਤੇ ਹੱਲ ਤਲਾਸ਼ਣ ਦਾ ਯਤਨ ਵੀ ਕਰਦੀ ਹੈ।

ਵਿਚਾਰ ਅਧੀਨ ਖੋਜ-ਪੱਤਰ ਵਿੱਚ ਮੋਹਨ ਤਿਆਗੀ ਦੀ ਕਾਵਿ-ਪੁਸਤਕ 'ਨਜ਼ਮ ਦੀ ਆਤਮਕਥਾ' ਨੂੰ ਅਧਿਐਨ-ਵਿਸ਼ਲੇਸ਼ਣ ਦਾ ਆਧਾਰ ਬਣਾਇਆ ਹੈ। ਇਸ ਪੁਸਤਕ ਦੇ ਵਿਸ਼ੇ-ਵਸਤੂ ਸੰਬੰਧੀ ਕਵੀ ਖੁਦ ਹੀ ਆਪਣੀ ਇੱਕ ਕਵਿਤਾ ਰਾਹੀਂ ਐਲਾਨ ਕਰਦਾ ਹੈ:

ਮੇਰੇ ਸ਼ਬਦ
ਮੇਰੇ ਅੱਖਰ
ਬਹੁਤ ਸਿੱਧ ਪੱਧਰੇ ਹਨ
ਮੇਰੀ ਕਵਿਤਾ ਤਖ਼ਤ ਦੀ
ਪਰਿਕਰਮਾ ਨਹੀਂ ਕਰਦੀ
ਸਗੋਂ ਸਿੱਧੀ ਸੀਨੇ ਵਿੱਚ
ਵੱਜਦੀ ਹੈ।[1]

ਉਪਰੋਕਤ ਕਵਿਤਾ ਕਵੀ ਦਾ ਕਾਵਿ-ਮੈਨੀਫੈਸਟੋ ਹੈ। ਇਹ ਮਹਿਜ਼ ਕਵਿਤਾ ਨਹੀਂ ਹੈ ਸਗੋਂ ਇਸ ਪੁਸਤਕ ਦੀਆਂ ਸਮੁੱਚੀਆਂ ਕਵਿਤਾਵਾਂ ਨੂੰ ਵਿਚਾਰਦਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਕਵਿਤਾ ਤਖ਼ਤ(ਸੱਤਾ) ਦੇ ਧੌਂਸਮੂਲਕ ਤੇ ਅਮਾਨਵੀਂ ਵਿਹਾਰ ਦਾ ਵਿਰੋਧ ਕਰਦੀ ਹੋਈ ਆਪਣੇ ਤਿੱਖੇ ਵਿਅੰਗਾਂ ਨਾਲ ਇਸ ਲੋਟੂ, ਭ੍ਰਿਸ਼ਟ ਪ੍ਰਬੰਧ 'ਤੇ ਚੋਟ ਕਰਦੀ ਹੈ। ਕਵੀ ਆਪਣੇ ਕਾਵਿ ਪ੍ਰਯੋਜਨ ਪ੍ਰਤੀ ਸੁਚੇਤ ਹੈ। "ਸਾਰੀਆਂ ਕਲਾਵਾਂ ਵਿਸ਼ਵ ਦੇ ਵਿਚਾਰਧਾਰਕ ਚਿੰਤਨ ਵਿੱਚੋਂ ਜਨਮ ਲੈਂਦੀਆਂ ਹਨ। ਪਲੈਖਾਨੋਵ ਦੇ ਅਨੁਸਾਰ ਅਜਿਹੀ ਕੋਈ ਕਲਾ ਨਹੀਂ ਹੈ ਜਿਸ ਵਿੱਚ ਵਿਚਾਰਧਾਰਾ ਦਾ ਤੱਤ ਬਿਲਕੁਲ ਨਾ ਹੋਵੇ।"[2] ਇਸ ਕਾਵਿ-ਪੁਸਤਕ ਵਿਚਲੀ ਸਮੁੱਚੀ ਸ਼ਾਇਰੀ 'ਕਲਾ ਸਮਾਜ ਲਈ' ਦੀ ਵਿਚਾਰਧਾਰਾ ਤਹਿਤ ਸਮਾਜ ਪ੍ਰਤੀ ਆਪਣੀ ਵਿਚਾਰਧਾਰਕ ਪ੍ਰਤੀਬੱਧਤਾ ਦਾ ਪ੍ਰਮਾਣ ਦਿੰਦੀ ਹੈ। ਬੇਸ਼ੱਕ ਵਿਸ਼ਵੀਕਰਨ ਦੇ ਇਨ੍ਹਾਂ ਸਮਿਆਂ ਵਿੱਚ ਮਨੁੱਖ ਦੇ ਸੁਤੰਤਰ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਮਨੁੱਖ ਪਹਿਲਾਂ ਨਾਲੋਂ ਵੀ ਵੱਧ ਬੰਦਿਸ਼ਾਂ ਅਧੀਨ ਹੈ। ਮਨੁੱਖ ਨੂੰ ਹਾਕਮ ਵਿਚਾਰਧਾਰਾ ਦੁਆਰਾ ਇਸ ਕਦਰ ਭ੍ਰਮਿਤ ਕੀਤਾ ਜਾ ਰਿਹਾ ਹੈ ਕਿ ਉਹ(ਮਨੁੱਖ) ਵੀ ਆਪਣੇ ਅਜ਼ਾਦ ਹਸਤੀ ਹੋਣ ਦੇ ਭਰਮ ਵਿੱਚ ਜੀਅ ਰਿਹਾ ਹੈ। ਸੱਤਾ, ਵਿੱਦਿਅਕ ਸੰਸਥਾਵਾਂ, ਜੇਲ੍ਹਾਂ, ਹਸਪਤਾਲਾਂ, ਮੀਡੀਆ ਤੇ ਹੋਰ ਸਰਕਾਰੀ /ਗੈਰ ਸਰਕਾਰੀ ਸੰਸਥਾਵਾਂ ਜ਼ਰੀਏ ਆਪਣੇ ਵਿਚਾਰਧਾਰਕ ਪ੍ਰਵਚਨਾਂ ਨੂੰ ਨਿਰੰਤਰ ਮਨੁੱਖੀ ਮਨ ਵਿੱਚ ਉਤਾਰਣ ਦਾ ਕਾਰਜ ਕਰਦੀ ਰਹਿੰਦੀ ਹੈ। ਇਸ ਪ੍ਰਕਿਰਿਆ ਵਿੱਚ ਸਟੇਟ ਦੀ ਹੋਰ ਮਸ਼ੀਨਰੀ ਜਿਵੇਂ ਫੌਜ ਤੇ ਪੁਲਿਸ ਬਲ ਆਦਿ ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ ਤਾਂ ਜੋ

ਮਨੁੱਖ ਦੀ ਦੇਹ ਤੇ ਮਨ ਨੂੰ ਕਾਬੂ ਹੇਠ ਕੀਤਾ ਜਾ ਸਕੇ। ਇਨ੍ਹਾਂ ਸਮਕਾਲੀਨ ਸਮਿਆਂ ਵਿਚ ਇਹ ਪ੍ਰਕਿਰਿਆ ਇੰਨੀ ਸਹਿਜਤਾ ਨਾਲ ਵਾਪਰ ਰਹੀ ਹੈ ਕਿ ਸਾਧਾਰਣ ਮਨੁੱਖ ਨੂੰ ਅਹਿਸਾਸ ਤਕ ਨਹੀਂ ਹੁੰਦਾ ਕਿ ਉਹ ਸੱਤਾ ਦੇ ਨਿਯੰਤਰਣ ਵਿੱਚ ਹੈ। ਮਨੁੱਖ ਦੀਆਂ ਸਮੁੱਚੀਆਂ ਕਿਰਿਆਵਾਂ ਸੱਤਾ/ਮੰਡੀ ਨਿਰਧਾਰਿਤ ਕਰ ਰਹੀ ਹੈ। ਅਸਲ ਵਿੱਚ ਵਿਸ਼ਵੀਕਰਨ ਦੇ ਅਜੋਕੇ ਦੌਰ ਵਿੱਚ ਸੱਤਾ ਖੁਦ ਮੰਡੀ ਦੁਆਰਾ ਸੰਚਾਲਿਤ ਹੋ ਰਹੀ ਹੈ। ਸੱਤਾ ਕਾਰਪੋਰੇਟ ਘਰਾਣਿਆਂ ਦੇ ਦਲਾਲ ਵਜੋਂ ਕਾਰਜ ਕਰ ਰਹੀ ਹੈ। ਮੋਹਨ ਤਿਆਗੀ ਦੀ ਨਿਮਨਲਿਖ਼ਤ ਕਵਿਤਾ ਦੋਹ੍ਹਾਂ ਦੀ ਭਾਈਵਾਲੀ ਨੂੰ ਬਾਖ਼ੂਬੀ ਪੇਸ਼ ਕਰਦੀ ਹੈ:

ਕੋਈ ਲਾਲ ਬੱਤੀ ਵਾਲਾ ਵਾਹਣ
ਪਿੱਛੋਂ ਤੇਜੀ ਨਾਲ
ਹੂਟਿੰਗ ਕਰਦਾ ਆਉਂਦਾ ਹੈ
ਤੇ ਮੇਰੇ ਪਿੰਜਰ ਨੂੰ ਧੂੰਹਦਾ ਹੋਇਆ
ਸਿੱਧਾ ਸ਼ਹਿਰ ਦੀ ਮੰਡੀ ਵਿੱਚ
ਜਾ ਸੁੱਟਦਾ ਹੈ।[3]

'ਨਜ਼ਮ ਦੀ ਆਤਮਕਥਾ' ਪੁਸਤਕ ਦਾ ਪਾਠ ਕਰਦਿਆਂ 'ਇਸ਼ਤਿਹਾਰ' ਸ਼ਬਦ ਵਾਰ-ਵਾਰ ਆਉਂਦਾ ਹੈ। ਇਸ਼ਤਿਹਾਰ ਮਹਿਜ਼ ਸ਼ਬਦ ਨਹੀਂ ਹੈ ਜੋ ਕਵਿਤਾ ਵਿੱਚ ਆਪਮੁਹਾਰੇ ਆ ਗਿਆ ਹੈ। ਇਹ ਸਾਡੇ ਸਮਕਾਲੀ ਸਮਾਜ ਦਾ ਯਥਾਰਥ ਹੈ। ਇਸ਼ਤਿਹਾਰ ਹਰ ਪਾਸੇ ਹੈ। ਬਾਹਰ ਬਾਜਾਰ,ਸੜਕਾਂ ਤੋਂ ਲੈ ਕੇ ਸਾਡੇ ਕਮਰੇ ਤੱਕ ਇਸਦੀ ਪਹੁੰਚ ਹੈ। ਅਸਲੀਅਤ ਤਾਂ ਇਹ ਹੈ ਕਿ ਸਾਡਾ ਮਨ/ਮਾਨਸਿਕਤਾ ਤੱਕ ਇਸਦੀ ਗ੍ਰਿਫ਼ਤ ਵਿੱਚ ਹੈ। ਸਮਾਜ ਉਨ੍ਹਾਂ ਸੰਸਥਾਵਾਂ ਦਾ ਸਮੂਹ ਹੈ ਜੋ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਨੂੰ ਨਿਯੰਤਰਿਤ ਕਰਕੇ ਉਸਨੂੰ ਪਸ਼ੂਪੁਣੇ ਤੋਂ ਮਨੁੱਖਤਾ ਵੱਲ ਸੇਧਿਤ ਕਰਦਾ ਹੈ। ਇਸ਼ਤਿਹਾਰ ਦੀ ਬਣਤਰ ਅਜਿਹੀ ਹੈ ਕਿ ਇਹ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਕਾਮ, ਲੋਭ, ਭੋਗ ਆਦਿ ਨੂੰ ਪ੍ਰਚੰਡ ਕਰਦੀ ਹੈ ਜਿਸ ਨਾਲ ਮਨੁੱਖ ਇਸ਼ਤਿਹਾਰ ਵਿੱਚ ਦਿਖਾਈ ਗਈ ਵਸਤੂ ਨੂੰ ਖ਼੍ਰੀਦਣ ਲਈ ਤਤਪਰ ਹੋ ਜਾਂਦਾ ਹੈ। ਇਸ਼ਤਿਹਾਰ ਖ਼ਪਤ ਸਭਿਆਚਾਰ ਨੂੰ ਸਥਾਪਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਹ ਲੋਕਾਂ ਦੀ ਲਾਲਸਾ ਨੂੰ ਪ੍ਰਚੰਡ ਕਰਕੇ ਉਨ੍ਹਾਂ ਨੂੰ ਮੰਡੀ ਦਾ ਮਾਲ ਖ਼੍ਰੀਦਣ ਲਈ ਪ੍ਰੇਰਿਤ ਕਰਦਾ ਹੈ। ਇਸ ਪ੍ਰਕਾਰ ਇਸ਼ਤਿਹਾਰ ਮਲਟੀਨੈਸ਼ਨਲ ਕੰਪਨੀਆਂ ਦੁਆਰਾ ਨਿਰਮਿਤ/ਉਤਪਾਦਿਤ ਵਾਧੂ-ਉਤਪਾਦਨ(Over Production) ਦੀ ਖ਼ਪਤ ਲਈ ਇੱਕ

ਟੂਲ ਵਜੋਂ ਕੰਮ ਕਰਦਾ ਹੈ। ਬਹੁ-ਕੌਮੀ ਕੰਪਨੀਆਂ ਆਪਣਾ ਮਾਲ ਵੇਚਣ ਲਈ ਇਸ਼ਤਿਹਾਰਾਂ ਤੇ ਲੱਖਾਂ-ਕਰੋੜਾਂ ਰੁਪਏ ਖਰਚ ਕਰਦੀਆਂ ਹਨ। ਇਸ਼ਤਿਹਾਰ ਆਪਣੇ ਆਪ ਵਿੱਚ ਹੀ ਇੱਕ ਵਪਾਰ ਦੇ ਤੌਰ ਤੇ ਸਥਾਪਿਤ ਹੋ ਚੁੱਕਾ ਹੈ। "ਹੁਣ ਅਸੀਂ ਉਸ ਯੁੱਗ ਵਿਚ ਰਹਿ ਰਹੇ ਹਾਂ ਜਿਸਨੂੰ ਇਸ਼ਤਿਹਾਰਬਾਜੀ ਦਾ ਯੁੱਗ ਕਹਿ ਸਕਦੇ ਹਾਂ। ਇਸ਼ਤਿਹਾਰ ਦੀ ਹੁਣ ਭਾਸ਼ਾ ਹੀ ਨਹੀਂ ਬਦਲੀ ਇਸਦੇ ਚਿਹਨ ਵੀ ਬਦਲੇ ਹਨ।...ਬਹੁ-ਰਾਸ਼ਟਰੀ ਕੰਪਨੀਆਂ ਲੋਕਾਂ ਦੀ ਮੰਗ ਕੀ ਹੈ ਅਤੇ ਇਹ ਵਸਤਾਂ ਉਨ੍ਹਾਂ ਨੂੰ ਕਿਵੇਂ ਵੇਚੀਆਂ ਜਾਣ, ਇਸ ਪ੍ਰਤੀ ਖੋਜ ਉਤੇ ਕਰੋੜਾਂ ਰੁਪਏ ਖ਼ਰਚ ਕਰ ਰਹੀਆਂ ਹਨ।"[4] ਅਜੋਕਾ ਮਨੁੱਖ ਇਸ਼ਤਿਹਾਰਾਂ ਦੀ ਦੁਨੀਆਂ ਵਿੱਚ ਜੀਅ ਰਿਹਾ ਹੈ। ਕਿਸੇ ਸਮੇਂ ਲੋੜ ਅਨੁਸਾਰ ਵਸਤ ਖ੍ਰੀਦੀ ਜਾਂਦੀ ਸੀ ਪਰ ਅਜੋਕੇ ਸਮਿਆਂ ਵਿੱਚ ਮੰਡੀ ਆਪਣਾ ਮਾਲ ਵੇਚਣ ਲਈ ਇਸ਼ਤਿਹਾਰ ਜ਼ਰੀਏ ਲੋਕਾਂ ਵਿੱਚ ਲੋੜ ਪੈਦਾ ਕਰ ਰਹੀ ਹੈ। ਇਸ਼ਤਿਹਾਰ ਨੂੰ ਇਸ ਢੰਗ ਨਾਲ ਘੜਿਆ ਜਾਂਦਾ ਹੈ ਕਿ ਇਹ ਮਨੁੱਖ ਦੇ ਮਨ-ਮਸਤਕ ਤੱਕ ਸਹਿਜੇ ਉਤਰ ਸਕੇ। ਇਸ ਸਮੁੱਚੇ ਵਰਤਾਰੇ ਨੂੰ ਸਮਝਣ ਦੀ ਲੋੜ ਹੈ। ਕਵੀ ਆਪਣੀ ਕਵਿਤਾ 'ਇਸ਼ਤਿਹਾਰ ਤੇ ਰੁੱਖ' ਵਿੱਚ ਇਸ਼ਤਿਹਾਰ ਦੀ ਕਾਰਜ਼ਸ਼ੈਲੀ ਨੂੰ ਸੂਖ਼ਮਤਾ ਸਹਿਤ ਪੇਸ਼ ਕਰਦਾ ਹੈ:

ਇਸ਼ਤਿਹਾਰ ਕੋਲ
ਤਲਿੱਸਮ ਹੈ
ਸੋਖੀ ਹੈ
---------
ਸਿਰਫ ਇਹੀ ਨਹੀਂ
ਉਸ ਕੋਲ ਸਾਡੇ
ਜੀਨਾਂ/ਤੰਤੂ ਪ੍ਰਬੰਧ ਤੇ
ਆਤਮਾ ਵਿਚ
ਉਤਰਨ ਦਾ ਪੂਰਾ ਪੂਰਾ ਸਮਾਨ ਹੈ[5]

'ਨਜ਼ਮ ਦੀ ਆਤਮਕਥਾ' ਪੁਸਤਕ ਵਿੱਚ ਸੱਤਾ ਆਪਣੇ ਦਮਨਕਾਰੀ ਰੂਪ ਵਿੱਚ ਪ੍ਰਗਟ ਹੁੰਦੀ ਹੈ। ਮੂਲ ਰੂਪ ਵਿੱਚ ਸੱਤਾ ਦਮਨਕਾਰੀ ਸੁਭਾਅ ਦੀ ਹੀ ਹੈ। ਇਹ ਹਰ ਉਸ ਚੀਜ਼/ਵਰਤਾਰੇ ਨੂੰ ਨੇਸਤੋਨਾਬੂਦ ਕਰ ਦੇਣਾ ਚੁਹੰਦੀ ਹੈ ਜੋ ਸੱਤਾ ਦੇ ਵਿਰੋਧ ਵਿੱਚ ਖੜਦੀ ਹੈ। ਲੋਕਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨਾ ਅਤੇ ਸਟੇਟ ਨੂੰ ਵਿਧੀਵਤ ਢੰਗ ਨਾਲ

ਚਲਾਉਣਾ ਸੱਤਾ ਦਾ ਕੰਮ ਹੈ। ਜਦੋਂ ਕੋਈ ਸੱਤਾਤਮਿਕ ਪ੍ਰਬੰਧ ਲੋਕਾਂ ਦੀਆਂ ਉਮੀਦਾਂ ਤੇ ਖ਼ਰਾ ਨਹੀਂ ਉਤਰਦਾ ਤਾਂ ਉਸਦਾ ਵਿਰੋਧ ਹੋਣਾ ਸੁਭਾਵਿਕ ਹੈ। ਜਨਤਾ ਦੇ ਇਸੇ ਆਕ੍ਰੋਸ਼/ਵਿਰੋਧ ਨੂੰ ਰੋਕਣ ਲਈ ਸਟੇਟ ਕੋਲ ਬਹੁਤ ਸਾਰੇ ਸੰਦ(Apparatus) ਹਨ। ਜਦੋਂ ਕਿਸੇ ਸਮਾਜ ਵਿੱਚ ਸਮੁੱਚਾ ਆਲਮ/ਪ੍ਰਸਥਿਤੀਆਂ ਸ਼ਾਤੀਪੂਰਵਕ ਹੋਣ ਤਾਂ ਉਦੋਂ ਕਲਾ/ਸਾਹਿਤ ਦਾ ਪ੍ਰਯੋਜਨ ਮਨੁੱਖ ਦੀ ਸੁਹਜਾਤਮਕ ਤ੍ਰਿਪਤੀ ਕਰਨਾ ਬੇਸ਼ੱਕ ਹੋ ਸਕਦਾ ਹੈ ਪਰ ਜਦੋਂ ਲੋਕ ਆਪਣੇ ਅਸਤਿਤਵ ਲਈ ਜੂਝ ਰਹੇ ਹੋਣ, ਬਹੁਗਿਣਤੀ ਆਪਣੀਆਂ ਮੁੱਢਲੀਆਂ ਲੋੜਾਂ ਤੋਂ ਵਿਰਵੀ ਹੋਵੇ, ਉਸ ਸਮੇਂ ਸਾਹਿਤ ਇੱਕ ਵਿਚਾਰਧਾਰਕ ਹਥਿਆਰ(Ideological Apparatus) ਵਜੋਂ ਕਾਰਜ਼ਸ਼ੀਲ ਹੁੰਦਾ ਹੈ। ਜਦੋਂ ਸੱਤਾ/ਮੰਡੀ ਬਿਨ੍ਹਾਂ ਨੈਤਿਕ ਮਾਪਦੰਡਾਂ ਦੀ ਪਰਵਾਹ ਕੀਤੇ ਮਾਨਵੀ ਸਮਾਜ ਦੀ ਹਰ ਸ਼ੈਅ ਨੂੰ ਆਪਣੇ ਅਖੌਤੀ ਹਿੱਤਾਂ ਲਈ ਵਰਤਣਾਂ ਸ਼ੁਰੂ ਕਰ ਦਵੇ ਤਾਂ ਸਾਹਿਤ ਦੀ ਅਜਿਹੀ ਵਰਤੋਂ ਇਨ੍ਹਾਂ ਕਾਲੇ ਸਮਿਆਂ ਦੀ ਲੋੜ ਬਣ ਜਾਂਦੀ ਹੈ। ਪਰ ਇਹ ਕਾਰਜ ਕਵਿਤਾ ਆਪਣੇ ਕਲਾਤਮਿਕ ਜਾਬਤੇ ਵਿਚ ਰਹਿ ਕੇ ਕਰਦੀ ਹੈ, ਨਹੀਂ ਤਾਂ ਕਵਿਤਾ ਨਿਰੋਲ ਨਾਅਰੇਬਾਜੀ ਵਿਚ ਪਰਿਵਰਤਿਤ ਹੋ ਜਾਂਦੀ ਹੈ। ਇਹ ਸਾਹਿਤ ਦਾ ਦੁਵੱਲਾ(Dual) ਰੂਪ ਹੈ। ਸਮਕਾਲੀ ਸਮਾਜ ਵਿੱਚ ਤਥਾ-ਕਥਿਤ ਲੋਕਤੰਤਰਿਕ ਢਾਂਚਾ ਲੋਕਾਂ ਦੀਆਂ ਆਸ਼ਾਵਾਂ ਦੇ ਅਨੁਕੂਲ ਨਹੀਂ ਹੈ। ਸੋ, ਅਜਿਹੀ ਸਥਿਤੀ ਵਿੱਚ ਸੱਤਾਧਾਰੀ ਵਰਗ ਤੇ ਪਰਜਾ ਵਿਚਕਾਰ ਟਕਰਾਓ ਦੀ ਅਵਸਥਾ ਸੁਭਾਵਿਕ ਹੈ। ਸੱਤਾ ਸਿੱਧੇ/ਅਸਿੱਧੇ ਢੰਗ ਨਾਲ ਇਸ ਵਿਰੋਧ ਨੂੰ ਦਬਾਉਣ ਦਾ ਯਤਨ ਕਰਦੀ ਹੈ। ਸੱਤਾਤਮਿਕ ਪ੍ਰਬੰਧ ਮੀਡੀਆ, ਵਿੱਦਿਅਕ ਸੰਸਥਾਵਾਂ, ਧਾਰਮਿਕ ਸਥਲਾਂ, ਜੇਲ੍ਹਾਂ ਆਦਿ ਰਾਹੀਂ ਆਪਣੀ ਵਿਚਾਰਧਾਰਾ ਨੂੰ ਲੋਕਾਂ ਦੇ ਅਵਚੇਤਨ ਤੱਕ ਸੰਚਾਰਿਤ ਕਰਨ ਵਿੱਚ ਸਫ਼ਲ ਹੁੰਦੀ ਹੈ। ਹਕੂਮਤ ਦਾ ਇਹ ਦਮਨਕਾਰੀ ਤੰਤਰ ਬਹੁਤ ਜਟਿਲ ਤੇ ਸੂਖ਼ਮ ਹੈ। ਡਾ. ਮਨਮੋਹਨ ਸਿੰਘ ਅਲਥਿਊਸਰ ਦੇ ਹਵਾਲੇ ਨਾਲ ਲਿਖਦੇ ਹਨ, "...ਉਹ(ਲੋਕ) ਹਾਕਮ ਜਮਾਤਾਂ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹਨ ਜੋ ਉਨ੍ਹਾਂ ਉੱਤੇ ਬੜੇ ਜਟਿਲ ਢੰਗ ਨਾਲ ਆਪਣਾ ਕਾਰਜ ਕਰਦੀ ਰਹਿੰਦੀ ਹੈ ਅਤੇ ਉਨ੍ਹਾਂ ਨੂੰ ਇਸਦਾ ਅਹਿਸਾਸ ਵੀ ਨਹੀਂ ਹੁੰਦਾ। ਅਲਥਿਊਸਰ ਅਨੁਸਾਰ ਇੱਕ ਪਾਸੇ ਤਸ਼ੱਸ਼ਦਮਈ ਉਪਕਰਨ(Repressive State Apparatuses) ਹੈ ਜੋ ਹਿੰਸਾ ਨਾਲ ਨਾਗਰਿਕਾਂ ਨੂੰ ਵੱਸ ਵਿਚ ਰੱਖਦਾ ਹੈ ਅਤੇ ਦੂਜੇ ਪਾਸੇ ਗੈਰ-ਤਸ਼ੱਸ਼ਦਮਈ ਉਪਕਰਨ(Ideological State Apparatuses) ਹਨ ਜੋ ਮਨੁੱਖ ਨੂੰ ਵੱਸ ਵਿਚ ਕਰਕੇ ਹਾਕਮ ਜਮਾਤ ਦੀ ਸੇਵਾ ਕਰਾਉਂਦੇ ਹਨ।"[6] ਇਸ ਰਾਜਸੀ ਉਥਲ-ਪੁਥਲ ਦੇ ਦੌਰ ਵਿੱਚ

ਜਨਤਾ ਨੂੰ ਮੂਕ ਦਰਸ਼ਕ ਵਿੱਚ ਪਰਿਵਰਤਿਤ ਕਰਨ ਦੀ ਪ੍ਰਕਿਰਿਆ ਲੋਕਤੰਤਰ ਲਈ ਖ਼ਤਰਾ ਹੈ। ਸੱਤਾ ਦੇ ਇਸ ਅਮਾਨਵੀ ਸੁਭਾਅ ਪ੍ਰਤੀ ਇਹ ਕਵਿਤਾ ਤਿੱਖੀ ਸੁਰ ਵਿੱਚ ਆਪਣੀ ਅਸਹਿਮਤੀ ਪ੍ਰਗਟ ਕਰਦੀ ਹੈ। ਇਹ ਕਵਿਤਾ ਸਥਿਤੀ ਦੀ ਮਹਿਜ਼ ਬਿਆਨਕਾਰੀ ਤੱਕ ਮਹਿਦੂਦ ਨਹੀਂ ਰਹਿੰਦੀ ਸਗੋਂ ਸਮਕਾਲੀਨ ਭ੍ਰਿਸ਼ਟ ਰਾਜਸੀ ਤੰਤਰ ਦੇ ਖਿਲਾਫ ਇੱਕ ਵਿਚਰਧਾਰਕ ਹਥਿਆਰ ਵਜੋਂ ਵੀ ਕਾਰਜਸ਼ੀਲ ਹੁੰਦੀ ਹੈ:

ਤੁਸੀ ਇਨ੍ਹਾਂ ਕਾਲੇ ਸਮਿਆਂ ਵਿੱਚ ਮੇਰੀ
ਨਜ਼ਮ ਨੂੰ ਕਿਤੇ ਵੀ ਹਥਿਆਰ
ਵਾਂਗ ਪਰਖ਼ ਸਕਦੇ ਹੋਂ
--------
ਮੇਰੀ ਕਵਿਤਾ ਤੁਹਾਡੇ ਨਾਲ
ਅੱਗ ਤੇ ਲਹੂ ਦੀ ਭਾਸ਼ਾ ਵਿੱਚ
ਗੱਲਾਂ ਕਰੇਗੀ
ਸੰਵਾਦ ਰਚਾਏਗੀ[7]

ਸਾਹਿਤ ਲੋਟੂ ਤੇ ਲੋਕ-ਵਿਰੋਧੀ ਸਥਾਪਤੀ ਵਿਰੁੱਧ ਜਨ-ਸਾਧਾਰਣ ਦੀ ਚੇਤਨਾ ਨੂੰ ਪ੍ਰਚੰਡ ਕਰਨ ਦਾ ਮਹੱਤਵਪੂਰਨ ਸਾਧਨ ਹੈ। ਖਾਸ ਕਰਕੇ ਕਵਿਤਾ ਲੋਕਾਂ ਦੀਆਂ ਭਾਵਨਾਵਾਂ ਨੂੰ ਤਟ-ਫਟ ਮਨਚਾਹਿਆ ਮੋੜਾ ਦੇ ਸਕਣ ਦੇ ਸਮਰੱਥ ਹੈ। ਇਸ ਲਈ ਕਵਿਤਾ ਵਿੱਚ ਇਹ ਸਮਰੱਥਾ ਹੈ ਕਿ ਇਹ ਸਮਕਾਲੀ ਸਮਾਜ ਵਿੱਚ ਵਾਪਰ ਰਹੇ ਕਿਸੇ ਵੀ ਅਮਾਨਵੀ ਵਰਤਾਰੇ/ਸੱਤਾ ਪ੍ਰਤੀ ਭਾਵਪੂਰਤ ਸ਼ਬਦਾਂ ਵਿੱਚ ਵਿਰੋਧ ਦਰਜ ਕਰਵਾ ਸਕੇ। ਕਵਿਤਾ ਕਿਸੇ ਵੀ ਵਰਤਾਰੇ/ਘਟਨਾ ਪ੍ਰਤੀ ਸਿਰਫ਼ ਭਾਵੁਕ ਪ੍ਰਗਟਾਵਾ ਮਾਤਰ ਹੀ ਨਹੀਂ ਹੈ ਸਗੋਂ ਇਹ ਇੱਕ ਸ਼ਕਤੀਸ਼ਾਲੀ ਵਿਚਾਰਧਾਰਕ ਸੰਦ ਵੀ ਹੈ ਜਿਸਨੂੰ ਸਮੇਂ ਸਮੇਂ ਤੇ ਵਿਸ਼ਵ ਦੀਆਂ ਵਿਭਿੰਨ ਇਨਕਾਲਾਬੀ ਜਥੇਬੰਦੀਆਂ ਲੋਕ-ਲਹਿਰਾਂ ਖੜੀਆਂ ਕਰਨ ਲਈ ਸਫ਼ਲਤਾਪੂਰਵਕ ਵਰਤਦੀਆਂ ਰਹੀਆਂ ਹਨ। ਸੱਤਾ ਸਾਹਿਤ ਦੀ ਕ੍ਰਾਂਤੀਕਾਰੀ ਭੂਮਿਕਾ ਨੂੰ ਚੰਗੀ ਤਰ੍ਹਾਂ ਸਮਝਦੀ ਹੈ। ਇਸ ਲਈ ਹਕੂਮਤ ਸਾਹਿਤ ਨੂੰ ਆਪਣੀ ਵਿਚਾਰਧਾਰਾ ਦੇ ਵਾਹਨ ਵਜੋਂ ਵਰਤਣ ਲਈ ਹਰ ਜਾਇਜ਼/ਨਜਾਇਜ਼ ਹਥਕੰਡਾ ਅਪਣਾਉਂਦੀ ਹੈ। ਇਹ ਹਰ ਉਸ ਰੂਪ(ਸਾਹਿਤ/ਕਲਾ, ਮੀਡੀਆ ਆਦਿ) ਨੂੰ ਆਪਣੇ ਕਾਬੂ ਹੇਠ ਰੱਖਣਾ ਚਹੁੰਦੀ ਹੈ ਜੋ ਲੋਕਾਂ ਦੀ ਰਾਏ ਇਸਦੇ ਅਨੁਕੂਲ ਘੜਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰ ਸਕੇ। ਇਸ

ਕੰਮ ਵਿੱਚ ਮੰਡੀ ਵੀ ਸੱਤਾ ਦੀ ਸਹਾਇਤਾ ਕਰਦੀ ਹੈ। ਮੰਡੀ ਤੇ ਸੱਤਾ ਦੇ ਹਿੱਤ ਸਾਂਝੇ ਹਨ ਜਿਸ ਕਾਰਨ ਇਹ ਇੱਕ ਦੂਜੇ ਦੇ ਪੂਰਕ ਵਜੋਂ ਵਿਚਰਦੇ ਹਨ। ਜਿੱਥੇ ਸੱਤਾ ਸਾਹਿਤਕਾਰ ਨੂੰ ਡਰਾ ਕੇ ਜਾਂ ਲਾਲਚ ਦੇ ਕੇ ਆਪਣੇ ਹਿੱਤਾਂ ਅਨੁਸਾਰ ਸਿਰਜਣਾ ਕਰਨ ਲਈ ਦਬਾਅ ਪਾਉਂਦੀ ਹੈ, ਉੱਥੇ ਮੰਡੀ ਦੀ ਕਾਰਜਸ਼ੈਲੀ ਸੱਤਾ ਨਾਲੋਂ ਵੱਖਰੀ ਤੇ ਖ਼ਤਰਨਾਕ ਹੈ। ਡਾ. ਸਰਬਜੀਤ ਸਿੰਘ ਪੱਛਮੀ ਚਿੰਤਕ ਡੇਵਿਡ ਸੀ. ਕਾਰਟਨ ਦੇ ਹਵਾਲੇ ਨਾਲ ਲਿਖਦੇ ਹਨ, "ਵਿੱਤੀ ਪੂੰਜੀਵਾਦ ਨੇ ਮੰਡੀਕਰਨ ਦੇ ਫੈਲਾਓ ਲਈ ਕੋਈ ਵੀ ਸਮਾਜਕ, ਸਭਿਆਚਾਰਕ, ਰਾਜਨੀਤਿਕ ਸੰਸਥਾ ਨੂੰ ਬਖਸ਼ਿਆ ਨਹੀਂ ਹੈ। ਉਸ ਅਨੁਸਾਰ ਮੰਡੀ ਦਾ ਜ਼ੁਲਮ ਸੱਤਾ ਦੇ ਜ਼ਬਰ ਨਾਲੋਂ ਵੀ ਵੱਧ ਭਿਆਨਕ ਹੈ। ਵਿੱਤੀ ਪੂੰਜੀਵਾਦ ਦੇ ਉਦਾਰਵਾਦ ਨੇ ਵਿਸ਼ਵ ਦੇ ਸਭਿਆਚਾਰ ਨੂੰ ਉਪਭੋਗੀ ਸਭਿਆਚਾਰ ਦੇ ਸਮਰੂਪੀਕਰਨ ਦੀ ਪ੍ਰਕਿਰਿਆ ਦਾ ਅੰਗ ਬਣਾ ਦਿੱਤਾ ਹੈ।"[8] ਇਹ ਹਰ ਇੱਕ ਸ਼ੈਅ/ਵਰਤਾਰੇ ਦਾ 'ਵਸਤੂਕਰਨ' ਕਰਨ ਦੀ ਪ੍ਰਕਿਰਿਆ ਹੈ। ਮੰਡੀ ਸਾਹਿਤ ਨੂੰ ਵੀ ਇੱਕ ਵਸਤ ਵਜੋਂ ਵੇਖਦੀ ਹੈ। ਇਹ ਕਲਾ/ਸਾਹਿਤ ਦੇ ਸੌਂਦਰਯ-ਸ਼ਾਸ਼ਤਰ ਤੱਕ ਨੂੰ ਬਦਲਣ ਦੀ ਨਿਰੰਤਰ ਕੋਸ਼ਿਸ਼ ਵਿੱਚ ਰਹਿੰਦੀ ਹੈ। ਜਿਸ ਦੇ ਸਿੱਟੇ ਵਜੋਂ ਮੰਡੀ ਮਨੁੱਖ ਦੇ ਅਵਚੇਤਨ, ਸੁਹਜ-ਸਵਾਦ ਨੂੰ ਹੀ ਆਪਣੇ ਅਨੁਸਾਰ ਘੜਦੀ ਰਹਿੰਦੀ ਹੈ। 'ਗਣਤੰਤਰ ਦਿਵਸ' ਕਵਿਤਾ ਸਮਕਾਲੀ ਸਮਾਜ ਵਿੱਚ ਸੱਤਾ ਹੱਥੋਂ ਦੁਸ਼ਵਾਰ ਇੱਕ ਸਾਹਿਤਕਾਰ ਦੀ ਯਥਾ-ਸਥਿਤੀ ਨੂੰ ਬੜੇ ਮਾਰਮਿਕ ਰੂਪ ਵਿੱਚ ਪੇਸ਼ ਕਰਦੀ ਹੈ:

ਹੁਣ ਤੂੰ ਲੋਕ ਕਵੀ ਨਹੀਂ
ਰਾਜੇ ਦਾ ਦਰਬਾਰੀ ਕਵੀ ਹੈ
ਜੇਕਰ ਹਣ ਤੂੰ ਸ਼ਹਿਰ ਦੇ ਚੌਰਾਹੇ 'ਚ
ਖੜ੍ਹਕੇ ਫਿਰ ਤੋਂ ਕੋਈ ਲੋਕ-ਗੀਤ ਗਾਏਂਗਾ
ਤਾਂ ਰਾਜੇ ਦੇ ਸਿਪਾਹੀਆਂ ਹੱਥੋਂ
ਬੇਮੌਤ ਮਾਰਿਆ ਜਾਏਂਗਾ[9]

ਇਹਨਾਂ ਸਮਿਆਂ ਵਿੱਚ ਸੱਤਾਗਤ ਦਮਨ/ਤਸ਼ੱਦਦ ਬਹੁਤ ਸੂਖਮ ਪੱਧਰ ਤੇ ਵਾਪਰ ਰਿਹਾ ਹੈ। ਮਨੱਖ ਦੀ ਦੇਹ ਤੋਂ ਲੈ ਕੇ ਅੰਤਰ-ਆਤਮਾ ਤੱਕ ਇਸਦੀ ਗ੍ਰਿਫ਼ਤ ਵਿੱਚ ਹੈ। ਬਹੁਤੀ ਵਾਰ ਇਹ ਤਸ਼ੱਦਦ ਇਸ ਕਦਰ ਘਟਿਤ ਹੁੰਦਾ ਹੈ ਕਿ ਮਨੁੱਖ ਨੂੰ ਇਸਦੇ ਮੂਲ ਕਾਰਨ ਦਾ ਅਹਿਸਾਸ ਤੱਕ ਨਹੀਂ ਹੁੰਦਾ ਕਿਉਂਕਿ ਮਨੁੱਖ ਦੀ ਹੋਣੀ ਨੂੰ ਭਾਣਾ/ਲੇਖਾਂ ਨਾਲ ਸੰਬੰਧਿਤ ਕੀਤਾ ਗਿਆ ਹੈ। ਅਸਲ ਵਿੱਚ ਉਸਦੀ ਅਜਿਹੀ ਮਾਨਸਿਕਤਾ ਦੀ ਨਿਰਮਾਣਕਾਰੀ ਪਿੱਛੇ ਵੀ ਸੱਤਾ ਦਾ

ਧਾਰਮਿਕ ਪ੍ਰਵਚਨ ਕੰਮ ਕਰਦਾ ਹੈ। ਭਾਰਤ ਵਰਗੇ ਮੁਲਕ ਵਿੱਚ ਸਥਾਪਤੀ ਤੇ ਤਥਾ-ਕਥਿਤ ਧਰਮ ਦਾ ਗਹਿਰਾ ਸੰਬੰਧ ਹੈ। ਧਰਮ ਉਨ੍ਹਾਂ ਪੈਟਰਨਾਂ ਵਿੱਚੋਂ ਇੱਕ ਹੈ ਜਿਸਦੇ ਆਧਾਰ ਤੇ ਸੱਤਾ ਆਪਣੇ ਪ੍ਰਵਚਨਾਂ ਦਾ ਜਨ-ਸਾਧਾਰਣ ਤੱਕ ਸਹਿਜੇ ਸੰਚਾਰ/ਪ੍ਰਸਾਰ ਕਰਨ ਦੇ ਸਮਰੱਥ ਹੋ ਸਕੀ ਹੈ। ਅਜੋਕੇ ਸਮੇਂ ਵਿੱਚ ਹਕੂਮਤ ਦਾ ਜਬਰ ਸਿੱਧੇ ਰੂਪ ਵਿੱਚ ਘੱਟ ਤੇ ਲੁਕਵੇਂ ਰੂਪ ਵਿੱਚ ਵਧੇਰੇ ਵਾਪਰ ਰਿਹਾ ਹੈ। ਇਹਨਾਂ ਸਮਿਆਂ ਵਿੱਚ ਸਥਾਪਤੀ ਬੇਸ਼ੱਕ ਆਪਣੇ ਆਪ ਨੂੰ ਜਮਹੂਰੀਅਤ ਪਸੰਦ ਜਾਂ ਲੋਕ ਭਲਾਈ ਰਾਜ(Welfare State) ਵਜੋਂ ਪੇਸ਼ ਕਰ ਰਹੀ ਹੈ ਪਰ ਹਕੀਕਤ ਇਸਤੋਂ ਉਲਟ ਹੈ। ਸਮਕਾਲੀ ਸਮਾਜ ਵਿੱਚ ਸਥਾਪਤੀ ਦੀ ਸਥਿਤੀ 'ਹਾਥੀ ਦੇ ਦੰਦਾਂ' ਵਰਗੀ ਹੈ ਜੋ ਦਿਖਾਉਣ ਨੂੰ ਹੋਰ ਤੇ ਖਾਣ ਨੂੰ ਹੋਰ ਹਨ। ਮੀਡੀਆ ਜ਼ਰੀਏ ਸੱਤਾ ਅਪਣਾ ਅਕਸ ਲੋਕ-ਹਿਤੈਸ਼ੀ ਵਜੋਂ ਪੇਸ਼ ਕਰ ਰਹੀ ਹੈ। ਸਮੁੱਚੀ ਆਵਾਮ ਨੂੰ ਸੁੰਤਤਰ ਤੇ ਲੋਕਤਾਂਤਰਿਕ ਹੋਣ ਦੇ ਭਰਮ ਵਿੱਚ ਰੱਖਿਆ ਜਾਂਦਾ ਹੈ। ਮਾਰਕਸ ਇਸਨੂੰ 'ਮਿੱਥੀ ਹੋਈ ਚੇਤਨਾ' (FALSE COUNSCIOUSNESS) ਦਾ ਨਾਮ ਦਿੰਦਾ ਹੈ। ਸੱਤਾ ਆਪਣੇ ਡਿਸਕੋਰਸ ਨਾਲ ਅਜਿਹਾ ਆਭਾ ਮੰਡਲ ਸਿਰਜਦੀ ਹੈ ਕਿ ਲੋਕਾਂ ਨੂੰ ਆਪਣੇ ਸਹੀ ਸਮਾਜਿਕ/ਆਰਥਿਕ ਯਥਾਰਥ ਦੀ ਸੋਝੀ ਤੱਕ ਨਹੀਂ ਹੁੰਦੀ। ਤਿਆਗੀ ਦੀ ਕਵਿਤਾ ਸੱਤਾ ਦੀ ਅਜਿਹੀ ਦੋਗਲੀ ਖ਼ਸਲਤ ਨੂੰ ਬੜੇ ਪ੍ਰਭਾਵਸ਼ਾਲੀ ਤੇ ਵਿਸ਼ਲੇਸ਼ਣੀ ਢੰਗ ਨਾਲ ਪ੍ਰਸਤੁਤ ਕਰਦੀ ਹੈ। ਕਵੀ ਆਪਣੀ ਕਵਿਤਾ 'ਹੁਕਮਨਾਮਾ' ਵਿੱਚ ਸੱਤਾ ਦੇ ਸਿਧਾਂਤ ਤੇ ਵਿਹਾਰ ਵਿਚਲੇ ਪਾੜੇ ਨੂੰ ਆਪਣੀ ਭਾਵਪੂਰਤ ਕਾਵਿ-ਭਾਸ਼ਾ ਰਾਹੀਂ ਨਸ਼ਰ ਕਰਦਾ ਹੈ:

ਉਹਨਾਂ ਦਾ ਅਗਲਾ ਹੁਕਮਨਾਮਾ ਹੈ
ਕਿ ਸ਼ਹਿਰ ਦੀਆਂ
ਲਹੂ ਭਿੱਜੀਆਂ ਸੜਕਾਂ ਤੇ
ਘਰ-ਘਰ ਦਹਿਕਦੀ ਅਗਨ 'ਤੇ
ਹਰੇ ਕਾਲੀਨ ਵਿਛਾ ਦਿਓ
ਤੇ ਸਾਰੇ ਸ਼ਹਿਰ ਵਿੱਚ
ਢੁਕਵੀਂ ਫੁਲ ਵਰਖਾ ਦਾ
ਪ੍ਰਬੰਧ ਕਰ ਦਿਓ[10]

ਇਹ ਕਾਵਿ ਜਿੱਥੇ ਸਮਕਾਲੀ ਸੱਤਾਗਤ ਸੰਸਥਾਵਾਂ ਦੀ ਮਾੜੀ ਕਾਰਗੁਜਾਰੀ ਦੀ ਨਿਖੇਧੀ ਕਰਦਾ ਹੈ ਉੱਥੇ ਸਥਾਪਤੀ ਦੇ ਵਿਰੋਧ ਵਿੱਚ ਸੰਘਰਸ਼ਸ਼ੀਲ ਸਮਾਜਵਾਦੀ ਵਿਚਾਰਧਾਰਾਵਾਂ

ਦੀ ਪ੍ਰਭਾਵਹੀਣਤਾ 'ਤੇ ਵੀ ਸਵਾਲੀਆ ਚਿੰਨ੍ਹ ਲਗਾਉਂਦਾ ਹੈ। ਇਸ ਸਮੇਂ ਸਮੁੱਚੇ ਵਿਸ਼ਵ ਵਿੱਚ ਰਾਜਸੀ-ਉੱਥਲ, ਸੱਤਾ ਦੇ ਧੌਂਸਮੂਲਕ ਤੇ ਦਮਨਕਾਰੀ ਨੀਤੀਆਂ ਸਿਖ਼ਰ 'ਤੇ ਹਨ । ਬੇਸ਼ੱਕ ਪੂੰਜੀਵਾਦੀ ਵਿਚਾਰਧਾਰਾ ਦੇ ਸਮਾਨਾਂਤਰ ਬਹੁਤ ਸਾਰੀਆਂ ਵਿਚਾਰਧਾਰਾਵਾਂ ਕਾਰਜਸ਼ੀਲ ਹਨ ਪਰ ਸਭਨਾਂ ਤੇ ਫਿਲਹਾਲ ਦੀ ਘੜੀ ਪੂੰਜੀਵਾਦੀ ਵਿਚਾਰਧਾਰਾ ਨੇ ਆਪਣੀ ਵਿਚਾਰਧਾਰਕ ਹੈਂਜਮਨੀ ਸਥਾਪਿਤ ਕੀਤੀ ਹੋਈ ਹੈ। ਇਹ ਵਿਚਾਰਧਾਰਾ ਸਾਡੇ ਸਮਾਜਿਕ, ਆਰਥਿਕ, ਧਾਰਮਿਕ ਆਦਿ ਸੰਰਚਨਾਵਾਂ ਦੇ ਕੇਂਦਰ ਵਿੱਚ ਹੈ। ਕੋਈ ਵੀ ਵਿਚਾਰਧਾਰਾ ਉਦੋਂ ਤੱਕ ਸ਼ਕਤੀਸ਼ਾਲੀ ਪੁਜੀਸ਼ਨ ਗ੍ਰਹਿਣ ਨਹੀਂ ਕਰਦੀ ਜਦੋਂ ਤੱਕ ਉਹ ਆਪਣੀ ਸੱਤਾ ਸਥਾਪਿਤ ਨਹੀਂ ਕਰ ਲੈਂਦੀ। ਇਸ ਸਮੇਂ ਭਾਰਤ ਵਿੱਚ ਸੱਜੇ-ਪੱਖੀ ਵਿਚਾਰਧਾਰਾ(RIGHT WING IDEOLOGY) ਸੱਤਾ ਵਿੱਚ ਹੈ। ਖੱਬੇ ਪੱਖੀ(LEFTIST IDEOLOGY) ਵਿਚਾਰਧਾਰਾ ਹਾਸ਼ੀਏ 'ਤੇ ਹੈ। ਉਹ ਅਜਿਹੀ ਪੁਜੀਸ਼ਨ ਵਿੱਚ ਨਹੀਂ ਹੈ ਕਿ ਸੱਤਾ ਵਿੱਚ ਆ ਸਕੇ। ਇਸਦੇ ਆਪਣੇ ਇਤਿਹਾਸਕ ਤੇ ਰਾਜਸੀ ਕਾਰਨ ਹਨ। ਕਿਸੇ ਵੀ ਵਿਚਾਰਧਾਰਾ ਦੀ ਆਧਾਰ ਸ਼ਕਤੀ ਲੋਕ ਹੁੰਦੇ ਹਨ। ਮੀਡੀਆ ਜ਼ਰੀਏ ਸੱਤਾ ਬਹੁਗਿਣਤੀ ਵਿੱਚ ਆਪਣਾ ਕਿਰਦਾਰ ਲੋਕ-ਪੱਖੀ ਸਿਰਜਣ ਵਿੱਚ ਸਫ਼ਲ ਹੋ ਰਹੀ ਹੈ ਕਿਉਂਕਿ ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਆ ਇਸਦੇ ਕਬਜੇ ਵਿੱਚ ਹੈ। ਇਹ ਸਮਾਂ ਖੱਬੇ-ਪੱਖੀਆਂ ਲਈ ਕਠਿਨ ਹੈ। ਖਾਸ ਕਰਕੇ ਜਦੋਂ ਸਿਆਸਤ ਦਾ ਧਰੁਵੀਕਰਨ(POLARIZATION) ਹੋ ਜਾਵੇ ਤਾਂ ਇਹ ਸੱਤਾ ਡਿਕਟੇਟਰਸ਼ਿੱਪ ਦਾ ਰੂਪ ਧਾਰਨ ਕਰ ਜਾਂਦੀ ਹੈ ਜਿਸ ਕਰਕੇ ਇਹ ਵਿਰੋਧੀ ਧਿਰਾਂ, ਘੱਟ-ਗਿਣਤੀ ਸਮੂਹਾਂ ਤੇ ਇੱਥੋਂ ਤੱਕ ਕਿ ਬਹੁ-ਗਿਣਤੀ ਦੀ ਰਾਏ ਨੂੰ ਨਜ਼ਰ-ਅੰਦਾਜ਼ ਕਰਨ ਲੱਗਦੀ ਹੈ। ਕਵੀ ਇਸ ਪੂੰਜੀਵਾਦੀ ਯੁੱਗ ਵਿੱਚ ਅੰਤਰ-ਵਿਰੋਧਾਂ ਦਾ ਸ਼ਿਕਾਰ ਸਮਾਜਵਾਦੀ ਵਿਚਾਰਧਾਰਾ ਦੀ ਹਾਸ਼ੀਆਗ੍ਰਸਤ ਸਥਿਤੀ ਨੂੰ ਆਪਣੀ ਕਵਿਤਾ 'ਸੂਹਾ ਪਰਚਮ' ਵਿੱਚ ਪੇਸ਼ ਕਰਦਾ ਹੈ:

ਮਾਰਕਸ ਤੇ ਲੈਨਿਨ ਆਪਸ ਵਿੱਚ
ਬਹਿਸ ਕਰ ਰਹੇ ਹਨ
ਦਿਨੋ ਦਿਨ
ਲਾਲ ਝੰਡੇ ਦਾ ਰੰਗ ਫਿੱਕਾ
ਪੈ ਰਿਹਾ ਹੈ[11]

ਇਹ ਕਾਵਿ ਅਜੋਕੇ ਸਮੇਂ ਵਿੱਚ ਮੀਡੀਆ ਦੀ ਕਾਰਗੁਜਾਰੀ 'ਤੇ ਵੀ ਸਵਾਲ ਖੜ੍ਹੇ ਕਰਦਾ ਹੈ। ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ ਮੰਨਿਆ ਗਿਆ ਹੈ। ਕਿਉਂਕਿ ਇਹ ਜਨ-ਸਧਾਰਣ,

ਵਿਰੋਧੀ ਧਿਰ ਤੇ ਘੱਟ-ਗਿਣਤੀ ਸਮੂਹਾਂ ਦੀਆਂ ਸਮੱਸਿਆਵਾਂ ਤੇ ਮੂਕ ਵੇਦਨਾ ਨੂੰ ਜ਼ੁਬਾਨ ਦਿੰਦਾ ਹੈ। ਕਈ ਥਾਵਾਂ 'ਤੇ ਮੀਡੀਆ ਦੀ ਭੂਮਿਕਾ ਬਹੁਤ ਸ਼ਲਾਘਾਯੋਗ ਰਹੀ ਹੈ। ਮੀਡੀਆ ਦੇ ਮਾਧਿਅਮ ਰਾਹੀਂ ਕਰੋੜਾਂ ਲੋਕਾਂ ਤੱਕ ਇੱਕੋ ਸਮੇਂ ਆਪਣੇ ਵਿਚਾਰਾਂ ਦਾ ਸੰਚਾਰ ਕੀਤਾ ਜਾ ਸਕਦਾ ਹੈ। ਵਿਚਾਰਾਂ/ਭਾਵਨਾਵਾਂ ਦੀ ਅਭਿਵਿਅਕਤੀ ਲਈ ਇਹ ਇੱਕ ਸ਼ਕਤੀਸ਼ਾਲੀ ਸਾਧਨ ਹੈ। ਸੱਤਾ ਮੀਡੀਆ ਦੀ ਸਮਰੱਥਾ ਨੂੰ ਭਲੀਭਾਂਤ ਸਮਝਦੀ ਹੈ। ਇਹ ਸੱਤਾ ਦੁਆਰਾ ਜਨਤਾ ਤੇ ਆਪਣੀ ਰਾਏ ਠੋਸਣ ਦਾ ਇੱਕ ਸ਼ਕਤੀਸ਼ਾਲੀ ਸੰਦ ਵੀ ਹੈ। ਹਰ ਸਥਾਪਤੀ ਇਸਨੂੰ ਆਪਣੇ ਹੱਕ ਵਿੱਚ ਭੁਗਤਾਉਂਦੀ ਹੈ। ਮੀਡੀਆ ਲੋਕਾਂ ਦੀ ਮਨੋ-ਅਵਸਥਾ ਬਦਲਣ/ਘੜਨ ਦੇ ਸਮਰੱਥ ਹੈ। ਇਹ ਵਾਰ ਵਾਰ ਜਿਨ੍ਹਾਂ ਪ੍ਰਵਚਨਾਂ ਦਾ ਸੰਚਾਰ ਕਰਦਾ ਹੈ, ਉਸਦਾ ਦਰਸ਼ਕਾਂ/ਪਾਠਕਾਂ/ਸ੍ਰੋਤਿਆ 'ਤੇ ਗਹਿਰਾ ਪ੍ਰਭਾਵ ਪੈਂਦਾ ਹੈ। ਇਸ ਲਈ ਸੱਤਾ/ਮੰਡੀ ਇਸਦੀ ਖ਼ੂਬ ਵਰਤੋਂ ਕਰਦੇ ਹਨ। ਇਹ ਕਵਿਤਾ ਮੀਡੀਆ ਦੁਆਰਾ ਕੀਤੇ ਜਾ ਰਹੇ ਅਜਿਹੇ ਗੁੰਮਰਾਹਕੁੰਨ ਪ੍ਰਚਾਰ ਦਾ ਗੰਭੀਰ ਨੋਟਿਸ ਲੈਂਦੀ ਹੈ। ਇਹ ਸਰਵ ਪ੍ਰਵਾਨਿਤ ਧਾਰਨ ਹੈ ਕਿ ਮਨੁੱਖ ਦਾ ਚੌਗਿਰਦਾ/ਯਥਾਰਥ ਉਸਦੀ ਸਖ਼ਸ਼ੀਅਤ ਨੂੰ ਘੜਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਸ ਲਈ ਮੰਡੀ/ਸੱਤਾ ਨੇ ਮੀਡੀਆ ਰਾਹੀਂ ਹੁਣ ਕਲਪਿਤ ਯਥਾਰਥ ਨੂੰ ਹੀ ਘੜਨਾ ਸ਼ੁਰੂ ਕਰ ਦਿੱਤਾ ਹੈ ਜਿਸ ਨਾਲ ਮਨੁੱਖ ਨੂੰ ਇਹ ਆਪਣੇ ਅਨੁਰੂਪ ਢਾਲ ਰਹੇ ਹਨ। "ਵਿਸ਼ਵੀਕਰਨ ਦੇ ਬਾਜ਼ਾਰ ਦਾ ਸਭ ਤੋਂ ਵੱਡਾ ਨਿਖੇਧਾਤਮਕ ਪ੍ਰਭਾਵ ਮੀਡੀਆ 'ਤੇ ਪਿਆ ਹੈ। ਅੱਜ ਦਾ ਮੀਡੀਆ ਬਿਜ਼ਨਸ ਵਿਚ ਤਬਦੀਲ ਹੋ ਰਿਹਾ ਹੈ। ਇਹ ਹਾਈਟੈਕ ਮੀਡੀਆ, ਸੰਚਾਰ ਦੀਆਂ ਅਤਿ ਆਧੁਨਿਕ ਤਕਨੀਕਾਂ ਦੇ ਜ਼ਰੀਏ ਇਕ ਅਜਿਹੇ ਭ੍ਰਾਂਤੀਜਨਕ ਸੰਸਾਰ ਦੀ ਸਿਰਜਣਾ ਕਰ ਰਿਹਾ ਹੈ ਜਿਸ ਨੂੰ ਆਮ ਸ਼ਹਿਰੀ ਵਾਸਤਵਿਕ ਹੀ ਸਮਝ ਲੈਂਦਾ ਹੈ।"[12] ਕਵੀ ਮੀਡੀਆ ਜ਼ਰੀਏ ਸਿਰਜੇ ਜਾ ਰਹੇ ਅਜਿਹੇ ਕਾਰਪੋਰੇਟ ਪੱਖੀ ਮਸਨੂਈ ਯਥਾਰਥ ਨੂੰ ਅਪਣੀ ਪ੍ਰਭਾਵਸ਼ਾਲੀ ਕਾਵਿ-ਭਾਸ਼ਾ ਰਾਹੀਂ ਵਿਅਕਤ ਕਰਦਾ ਹੈ:

ਮੇਰੇ ਮੱਥੇ ਕਈ ਚੈਨਲ
ਇੱਕ ਦੂਜੇ ਨਾਲ
ਉਲਝੇ ਹੋਏ
ਕਿਸੇ ਓਪਰੀ ਭਾਸ਼ਾ 'ਚ ਬੋਲਦੇ
ਸ਼ੋਰ ਮਚਾਉਂਦੇ
ਵਾਰ-ਵਾਰ ਮੇਰੀ ਮੌਤ ਦੀ

ਝੂਠੀ ਖ਼ਬਰ ਫੈਲਾਉਂਦੇ[13]

ਵਿਸ਼ਵੀਕਰਨ ਨਾਲ ਜੁੜੀ ਹੋਈ ਹਰ ਇੱਕ ਪ੍ਰਕਿਰਿਆ/ਗਤੀਵਿਧੀ ਮੁਨਾਫਾ ਕੇਂਦਰਿਤ ਹੈ ਜਿਸ ਕਾਰਨ ਕਈ ਵਾਰ ਇਹ ਨੈਤਿਕ/ਅਨੈਤਿਕ ਹੱਦਬੰਦੀਆਂ ਨੂੰ ਵੀ ਪਾਰ ਕਰ ਜਾਂਦੀ ਹੈ। ਸਾਡਾ ਇਤਿਹਾਸ/ਸਭਿਆਚਾਰ/ਪ੍ਰੰਪਰਾਵਾਂ ਵੀ ਇਸਦੀ ਪਹੁੰਚ ਤੋਂ ਬਾਹਰ ਨਹੀਂ ਹਨ। ਜਿਸ ਤਰ੍ਹਾਂ ਇਹ ਨਵ-ਪੂੰਜੀਵਾਦੀ ਪ੍ਰਬੰਧ ਸਥਾਨਕ ਸਭਿਆਚਾਰਾਂ, ਭਾਸ਼ਾਵਾਂ ਤੇ ਖੇਤਰੀ ਵਿਲੱਖਣਤਾਵਾਂ ਨੂੰ ਖ਼ਤਮ ਕਰ ਰਿਹਾ ਹੈ, ਉਸ ਨੂੰ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਮਨੁੱਖ ਇੱਕ ਸਭਿਆਚਾਰਕ ਪ੍ਰਾਣੀ ਹੈ। ਮਨੁੱਖ ਦਾ ਵਿਆਕਤੀਤੱਵ ਉਸਦੇ ਸਮਾਜਿਕ-ਸਭਿਆਚਾਰਕ ਪਰਿਵੇਸ਼ ਵਿੱਚੋਂ ਆਪਣਾ ਆਕਾਰ ਗ੍ਰਹਿਣ ਕਰਦਾ ਹੈ। ਅਜੋਕੇ ਉੱਤਰ-ਪੂੰਜੀਵਾਦੀ ਦੌਰ ਵਿੱਚ ਜਿਸ ਪ੍ਰਕਾਰ ਸਮਾਜਿਕ/ਸਭਿਆਚਾਰਕ/ਰਾਜਸੀ ਸੰਰਚਨਾਵਾਂ ਵਿੱਚ ਪਰਿਵਰਤਨ ਵਾਪਰਿਆ ਹੈ, ਉਸ ਨਾਲ ਮਨੁੱਖ ਦੇ ਵਿਅਕਤੀਤੱਵ, ਰੁਚੀਆਂ, ਸੋਚ-ਪ੍ਰਬੰਧ ਵਿੱਚ ਵੱਡੇ ਪੱਧਰ ’ਤੇ ਬਦਲਾਵ ਆਇਆ ਹੈ। “ਤੀਸਰੀ ਦੁਨੀਆਂ ਦੇ ਪ੍ਰਸੰਗ ਵਿੱਚ ਸਾਮਰਾਜਵਾਦ ਦਾ ਅਰਥ ਪੱਛਮੀ ਮੁਲਕਾਂ ਦੇ ਹਾਕਮ ਵਰਗ ਦੁਆਰਾ ਆਮ ਲੋਕਾਂ ਦੇ ਸੱਭਿਆਚਾਰਕ ਜੀਵਨ ਵਿੱਚ ਯੋਜਨਾਬੱਧ ਘੁਸਪੈਠ ਰਾਹੀਂ ਰਾਜ ਕਾਇਮ ਕਰਨਾਂ ਹੈ ਤਾਂ ਕਿ ਪੀੜਤ ਜਨਤਾਂ ਦੀਆਂ ਕਦਰਾਂ -ਕੀਮਤਾਂ, ਚਰਿੱਤਰ, ਸੰਸਥਾਵਾਂ ਅਤੇ ਪਛਾਣ ਨੂੰ ਸਾਮਰਾਜਵਾਦੀ ਜਮਾਤ ਦੇ ਹਿੱਤਾਂ ਦੇ ਅਨੁਕੂਲ ਬਣਾਇਆ ਜਾ ਸਕੇ।”[14] ਅਜਿਹੇ ਅਜਨਬੀ ਯਥਾਰਥ ਵਿੱਚ ਵਿਚਰਦਿਆਂ ਮਨੁੱਖ ਤਣਾਓ, ਬੇਚੈਨੀ, ਅਜਨਬੀਪਣ, ਅਲਗਾਓ ਦੀ ਅਵਸਥਾ ਵਿੱਚ ਜੀਅ ਰਿਹਾ ਹੈ। ਸਮੁੱਚੇ ਸਮਾਜਿਕ ਪ੍ਰਬੰਧ ਦੇ ਕੇਂਦਰ ਵਿੱਚ ਵਸਤੂ/ਪੂੰਜੀ ਆ ਕੇ ਟਿਕ ਗਈ ਹੈ ਜਿਸ ਨਾਲ ਸਾਡੀਆਂ ਸਮਾਜਿਕ-ਸਭਿਆਚਾਰਕ ਕਦਰਾਂ-ਕੀਮਤਾਂ ਦੀ ਸਮੁੱਚੀ ਸਮੀਕਰਣ ਹੀ ਬਦਲ ਗਈ ਹੈ। ਅਜਿਹੀ ਸਥਿਤੀ ਵਿੱਚ ਮਨੁੱਖ ਆਪਣੇ ਆਪ ਨੂੰ ਆਪਣੀਆਂ ਜੜ੍ਹਾਂ/ਪ੍ਰੰਪਰਾ ਨਾਲੋਂ ਵਿਛੁੰਨਿਆ ਮਹਿਸੂਸ ਕਰ ਰਿਹਾ ਹੈ। ਨਵੀਂ ਪੀੜ੍ਹੀ ਲਈ ਇਹ ਬੇਸ਼ੱਕ ਸਹਿਜ ਵਰਤਾਰਾ ਹੈ। ਪਰ ਪੁਰਾਣੀ ਪੀੜ੍ਹੀ ਦੋ ਵਿਪਰੀਤ ਯਥਾਰਥਾਂ ਵਿੱਚ ਜੀਅ ਰਹੀ ਹੈ। ਉਸਦਾ ਚੇਤਨ/ਅਵਚੇਤਨ ਜਗੀਰੂ ਕਦਰਾਂ-ਕੀਮਤਾਂ ਨਾਲ ਲਬਰੇਜ਼ ਹੈ ਪਰ ਉਸਦੀ ਦੇਹ ਉੱਤਰ-ਆਧੁਨਿਕ ਯਥਾਰਥ ਵਿੱਚ ਵਿਚਰ ਰਹੀ ਹੈ ਜਿਸ ਕਾਰਨ ਉਹ ਦੋਫਾੜ ਮਾਨਸਿਕਤਕਾ ਦਾ ਸ਼ਿਕਾਰ ਹੈ। ਆਪਣੇ ਸਭਿਆਚਾਰ/ਇਤਿਹਾਸ ਨਾਲ ਮਨੁੱਖ ਦਾ ਲਗਾਓ ਹੋਣਾ ਸੁਭਾਵਿਕ ਹੈ। ਇਨ੍ਹਾਂ ਨਾਲ ਮਨੁੱਖ ਦੀ ਸ਼ਨਾਖ਼ਤ ਵੀ ਜੁੜੀ ਹੁੰਦੀ ਹੈ। ਵਿਸ਼ਵੀਕਰਨ ਦੇ ਚਕਾਚੌਂਧ ਕਰਨ ਦੇਣ ਵਾਲੇ ਤਲਿੱਸਮ ਵਿੱਚ ਵੀ ਸ਼ਾਇਰ ਆਪਣੇ ਪੁਰਖਿਆਂ, ਆਪਣੀਆਂ

ਜੜ੍ਹਾਂ ਨੂੰ ਯਾਦ ਕਰਦਾ ਹੈ। ਇੱਥੇ ਕਵੀ ਆਪਣੇ ਨਿੱਜੀ ਅਨੁਭਵ ਦੀ ਹੀ ਪੇਸ਼ਕਾਰੀ ਨਹੀਂ ਕਰ ਰਿਹਾ ਸਗੋਂ ਅਜਿਹੇ ਸਮਕਾਲੀਨ ਮਾਹੌਲ ਵਿੱਚ ਆਪਣੇ ਵਿਰਸੇ ਤੇ ਇਤਿਹਾਸ ਪ੍ਰਤੀ ਮਨੁੱਖ ਦੀ ਇਸ ਪ੍ਰਕਾਰ ਦੀ ਅਨੁਭੂਤੀ ਸੁਭਾਵਿਕ ਤੇ ਸਰਵ-ਵਿਆਪਕ ਵਰਤਾਰਾ ਹੈ:

ਉਂਜ ਜੜ੍ਹਾਂ ਬਹੁਤ ਸੂਖ਼ਮ ਹੁੰਦੀਆਂ ਹਨ
ਤੇ ਮਜਬੂਤ ਵੀ
ਜਦ ਕਿਸੇ ਦੀ ਜੜ੍ਹ ਸੁੱਕ ਜਾਂਦੀ ਹੈ
ਤਾਂ ਉਹ ਰੁੱਖ ਚੌਫਾਲ ਡਿੱਗ ਪੈਂਦਾ ਹੈ
ਤਾਂ ਉਸਦੀ ਮੋਹ ਮਿੱਟੀ ਤੇ ਸ਼ਨਾਖ਼ਤ
ਸਦਾ-ਸਦਾ ਲਈ ਖ਼ਤਮ ਹੋ ਜਾਂਦੀ ਹੈ[15]

ਇਹ ਕਵਿਤਾ ਵਿਸ਼ਵੀਕਰਨ ਤੇ ਸੱਤਾ ਨਿਰਮਿਤ ਸਮਕਾਲੀਨ ਯਥਾਰਥ ਦੀ ਮਹਿਜ਼ ਵਿਆਖਿਆ-ਵਿਸ਼ਲੇਸ਼ਣ ਤੱਕ ਮਹਿਦੂਦ ਨਹੀਂ ਰਹਿੰਦੀ ਸਗੋਂ ਅਜਿਹੇ ਮਸਨੂਈ ਤੇ ਅਮਾਨਵੀ ਯਥਾਰਥ ਵਿੱਚੋਂ ਨਿਕਲਣ ਦਾ ਹੱਲ ਵੀ ਸੁਝਾਉਣ ਦਾ ਯਤਨ ਕਰਦੀ ਹੈ। ਇਹ ਕਵਿਤਾ ਇਨ੍ਹਾਂ ਸੰਕਟ ਦੇ ਸਮਿਆਂ ਵਿੱਚ ਪੰਜਾਬ/ਭਾਰਤ ਦੇ ਗੌਰਵਸ਼ਾਲੀ ਇਤਿਹਾਸ ਵਿੱਚੋਂ ਆਪਣੀ ਪ੍ਰੇਰਨਾ ਤੇ ਸਿਧਾਂਤਕ ਸੂਝ ਤਲਾਸ਼ਦੀ ਹੈ। ਇਹ ਕਵਿਤਾ ਸੱਤਾ ਤੇ ਮੰਡੀ ਦੇ ਲੋਕ-ਲੁਭਾਉਣੇ ਪਰ ਅਮਾਨਵੀਂ ਪ੍ਰਵਚਨਾਂ ਵਿੱਚ ਹਿਪਨੋਟਾਈਜ਼ਡ ਸਮਾਜ ਦੇ ਮਾਰਗ ਦਰਸ਼ਨ ਲਈ ਇਤਿਹਾਸ ਨੂੰ ਆਧਾਰ ਬਣਾਉਂਦੀ ਹੈ। ਕਵੀ ਗੁਰੂ ਗੋਬਿੰਦ ਸਿੰਘ, ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਵਰਗੇ ਕ੍ਰਾਂਤੀਕਾਰੀ ਬਿੰਬਾਂ ਜ਼ਰੀਏ ਸਥਾਪਤੀ ਦੇ ਪੈਰਲਰ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਸਥਾਪਿਤ ਕਰਨ ਦਾ ਯਤਨ ਕਰਦਾ ਹੈ। ਇਹ ਕਵਿਤਾ ਇਤਿਹਾਸ ਨੂੰ ਸਮਕਾਲੀਨ ਪ੍ਰਸੰਗਾਂ ਅਨੁਸਾਰ ਪੁਨਰ-ਪਰਿਭਾਸ਼ਿਤ ਕਰਦੀ ਹੈ। ਜੇ ਸੱਤਾ ਦਹਿਸ਼ਤ, ਲਾਲਚ ਜਾਂ ਹੋਰ ਕਿਸੇ ਢੰਗ ਨਾਲ ਆਪਣੇ ਪ੍ਰਵਚਨਾਂ ਰਾਹੀਂ ਜਨਤਾ ਨੂੰ ਕਾਬੂ ਕਰਨ ਦਾ ਯਤਨ ਕਰਦੀ ਹੈ ਤਾਂ ਇਹ ਕਵਿਤਾ ਲੋਕ-ਹਿਤੈਸ਼ੀ ਇਤਿਹਾਸਕ ਹਵਾਲਿਆਂ ਰਾਹੀਂ ਸੱਤਾ ਦੇ ਪ੍ਰਵਚਨ ਨੂੰ ਵਿਸਥਾਪਿਤ ਕਰਨ ਦੀ ਕੋਸ਼ਿਸ਼ ਕਰਦੀ ਹੋਈ ਜਨ-ਸਾਧਾਰਣ ਨੂੰ ਸੁਚੇਤ ਕਰਦੀ ਹੈ। ਇਤਿਹਾਸ ਵੀ ਉਨ੍ਹਾਂ ਪੈਟਰਨਾਂ ਵਿੱਚੋਂ ਇੱਕ ਹੈ ਜੋ ਲੋਕ-ਮਨ ਵਿੱਚ ਡੂੰਘੇ ਰਚੇ-ਮਿਚੇ ਹਨ। ਕ੍ਰਾਂਤੀਕਾਰੀ ਇਤਿਹਾਸ ਸਥਾਪਤੀ ਦੀਆਂ ਵਧੀਕੀਆਂ ਦੇ ਖਿਲਾਫ਼ ਪ੍ਰਤੀਰੋਧ ਸਿਰਜਣ ਦੇ ਸਮਰੱਥ ਹੈ। ਇਹ ਇਤਿਹਾਸ ਮੰਡੀ ਲਈ ਵੀ ਹੋਂਦਮੂਲਕ ਸੰਕਟ ਖੜਾ ਕਰ ਸਕਦਾ ਹੈ ਕਿਉਂਕਿ ਇਹ ਲੋਕਾਂ ਨੂੰ ਮੰਡੀ ਦੀ ਸ਼ੋਸ਼ਣਮਈ ਖ਼ਸਲਤ ਪ੍ਰਤੀ ਜਾਗਰੂਕ

ਕਰਦਾ ਹੋਇਆ ਜਨ-ਸਾਧਾਰਣ ਵਿੱਚ ਹਕੂਮਤ ਵਿਰੁੱਧ ਪ੍ਰਤੀਰੋਧ ਦੇ ਮਾਦੇ ਨੂੰ ਪ੍ਰਚੰਡ ਕਰਦਾ ਹੈ। ਸੱਤਾ ਇਤਿਹਾਸ ਦੀ ਅਸੀਮ ਤੇ ਸ਼ਕਤੀਸ਼ਾਲੀ ਸਮਰੱਥਾ ਨੂੰ ਸਮਝਦੀ ਹੈ ਜਿਸ ਕਾਰਨ ਇਹ ਇਤਿਹਾਸ ਨੂੰ ਤੋੜ-ਮਰੋੜ(DISTORT) ਕੇ ਪੇਸ਼ ਕਰਨ ਦਾ ਯਤਨ ਕਰਦੀ ਹੈ। ਇਸ ਲਈ ਪੂੰਜੀਵਾਦੀ ਚਿੰਤਕਾਂ ਦੁਆਰਾ ਇਤਿਹਾਸ 'ਤੇ ਸਿਧਾਂਤਕ ਹਮਲੇ ਕਰਕੇ ਇਸਦੀ ਸਾਰਥਿਕਤਾ ਬਾਰੇ ਵਾਰ-ਵਾਰ ਸਵਾਲ ਖੜ੍ਹੇ ਕੀਤੇ ਜਾਂਦੇ ਹਨ। ਪੂੰਜੀਵਾਦੀ ਚਿੰਤਕ ਫੂਕੋਯਾਮਾ ਦੁਆਰਾ ਪ੍ਰਚਾਰਿਤ 'ਇਤਿਹਾਸ ਦਾ ਅੰਤ'(END OF HISTORY) ਵਰਗੀ ਅਖੌਤੀ ਵਿਚਾਰਧਾਰਾ ਨੂੰ ਇਸੇ ਪ੍ਰਸੰਗ ਵਿੱਚ ਸਮਝਿਆ ਜਾ ਸਕਦਾ ਹੈ। ਪਰ ਇਹ ਕਵਿਤਾ ਹਾਕਮ ਵਿਚਾਰਧਾਰਾ ਦੇ ਸਮਾਨਾਂਤਰ ਪੰਜਾਬ ਦੇ ਸ਼ਾਨਾਮੱਤੇ ਕ੍ਰਾਂਤੀਕਾਰੀ ਇਤਿਹਾਸ ਨੂੰ ਇੱਕ ਸਕਤੀਸ਼ਾਲੀ ਵਿਚਾਰਧਾਰਕ ਸੰਦ(Ideological Appratus) ਵਜੋਂ ਵਰਤਦੀ ਹੈ:

ਉਸ ਦਿਨ ਗਦਰੀ ਬਾਬੇ
ਊਧਮ ਸਿੰਘ
ਭਗਤ ਸਿੰਘ
ਕਰਤਾਰ ਸਿੰਘ ਸਰਾਭਾ ਤੇ
ਸ਼ਹੀਦਾਂ ਦੇ ਹੋਰ ਕਿੰਨੇ ਹੀ ਨਾਂ
ਤੇਰੇ ਲਹੂ ਵਿੱਚ ਕ੍ਰਾਂਤੀ ਦੀ ਭਾਸ਼ਾ ਵਿੱਚ
ਬੋਲਦੇ ਸਨ[16]

ਸੋ, 'ਨਜ਼ਮ ਦੀ ਆਤਮਕਥਾ' ਪੁਸਤਕ ਦੇ ਅਧਿਐਨ-ਵਿਸ਼ਲੇਸ਼ਣ ਤੋਂ ਬਾਅਦ ਕੁਝ ਮਹੱਤਵਪੂਰਨ ਨਕਤੇ ਉਭਰਦੇ ਹਨ। ਇਸ ਕਾਵਿ-ਪੁਸਤਕ ਦੀ ਪੜ੍ਹਤ ਉਪਰੰਤ ਇਸਦਾ ਸਿਰਲੇਖ ਵੀ ਖੁਦ-ਬ-ਖੁਦ ਸਪੱਸ਼ਟ ਹੋ ਜਾਂਦਾ ਹੈ। ਇੱਥੇ 'ਨਜ਼ਮ' ਸਾਡੇ ਸਮਕਾਲੀਨ ਸਮਾਜ ਦਾ ਪ੍ਰਤਿਬਿੰਬ ਹੈ ਜੋ ਸਾਡੇ ਸਮਾਜ ਦੀ 'ਆਤਮਕਥਾ' ਨੂੰ ਹੀ ਪੇਸ਼ ਕਰ ਰਹੀ ਹੈ। ਇਹ ਆਤਮਕਥਾ ਸਮਜ ਦਾ ਸਿਰਫ਼ ਵਰਨਣ ਮਾਤਰ ਨਹੀਂ ਹੈ ਸਗੋਂ ਇਹ ਚਿੰਤਨੀ ਸ਼ੈਲੀ ਵਿੱਚ ਇਸ ਸਮਾਜ ਦਾ ਵਿਸ਼ਲੇਸ਼ਣ ਹੈ। ਸਟੇਟ ਤੇ ਮੰਡੀ ਦੇ ਗਠਜੋੜ ਨੇ ਜਿਸ ਕਿਸਮ ਦਾ ਤਲਿੱਸਮੀ ਲੋਕ-ਲੁਭਾਉਣਾ ਯਥਾਰਥ ਸਿਰਜਿਆ ਹੈ, ਇਸ ਯਥਾਰਥ ਦੀ ਤਹਿ ਪਿੱਛੇ ਕੰਮ ਕਰਦੇ ਅਮਾਨਵੀ ਤੱਤਾਂ ਦੀ ਥਾਹ ਪਾ ਸਕਣਾ ਸਧਾਰਣ ਬੰਦੇ ਲਈ ਕਠਿਨ ਹੈ। ਇਹ ਕਾਵਿ ਨਿਰੰਤਰ ਇਸੇ ਆਹਰ ਵਿੱਚ ਜੁਟਿਆ ਦਿਖਾਈ ਦਿੰਦਾ ਹੈ ਕਿ ਕਿਸ ਤਰ੍ਹਾਂ ਇਸ ਭ੍ਰਮਿਕ ਯਥਾਰਥ ਨੂੰ ਬੇਪਰਦ ਕਰਕੇ ਪਾਠਕਾਂ ਦਰਪੇਸ਼ ਕੀਤਾ ਜਾਵੇ। ਇਸ ਪ੍ਰਕਾਰ ਇਹ ਕਵਿਤਾ

ਆਪਣੇ ਸਮਾਜਿਕ ਪ੍ਰਸੰਗਾਂ ਨਾਲ ਜੁੜੀ ਰਹਿੰਦੀ ਹੈ ਤੇ ਅਜਿਹਾ ਕਰਦਿਆਂ ਕਵੀ ਆਪਣੇ ਪਾਠਕਾਂ/ਸ੍ਰੋਤਿਆਂ ਨੂੰ ਕਾਵਿ-ਸੁਹਜ ਪੱਖੋਂ ਵੀ ਸੱਖਣਾ ਨਹੀਂ ਰੱਖਦਾ। ਹਾਕਮ ਵਿਚਾਰਧਾਰਾ ਦਾ ਟਾਕਰਾ ਸਮਾਜਿਕ ਫਿਕਰਾਂ ਨੂੰ ਪ੍ਰਣਾਈ ਹੋਈ ਕਿਸੇ ਠੋਸ ਵਿਚਾਰਧਾਰਾ ਨਾਲ ਹੀ ਕੀਤਾ ਜਾ ਸਕਦਾ ਹੈ। ਇਹ ਕਵਿਤਾ ਅਜਿਹੀ ਹੀ ਸਮਾਜਵਾਦੀ ਵਿਚਾਰਧਾਰਾ ਨੂੰ ਅਗਰਭੂਮਿਤ ਕਰਦੀ ਹੈ। ਇਹ ਕਾਵਿ ਕਿਸੇ ਵੀ ਵਿਚਾਰਧਾਰਾ ਨੂੰ ਆਪਣੇ 'ਤੇ ਹਾਵੀ ਨਹੀਂ ਹੋਣ ਦਿੰਦਾ ਸਗੋਂ ਕਾਵਿਕਤਾ/ਕਲਾਤਮਿਕਤਾ ਦੇ ਪ੍ਰਿਜ਼ਮ ਵਿਚੋਂ ਲੰਘ ਕੇ ਹੀ ਇਹ (ਵਿਚਾਰਧਾਰਾ) ਆਪਣੀ ਹੋਂਦ ਗ੍ਰਹਿਣ ਕਰਦਾ ਹੈ। 'ਨਜ਼ਮ ਦੀ ਆਤਮਕਥਾ' ਵਿਚਲੀ ਸ਼ਾਇਰੀ ਲੋਕ-ਹਿਤੈਸ਼ੀ ਹੈ ਜਿਸਦਾ ਪ੍ਰਯੋਜਨ ਮਨੁੱਖੀ ਸਮਾਜ ਨੂੰ ਜਿਉਣ ਜੋਗਾ ਬਣਾਉਣਾ ਹੈ।

**ਹਵਾਲੇ**

---

[1] ਮੋਹਨ ਤਿਆਗੀ, ਨਜ਼ਮ ਦੀ ਆਤਮਕਥਾ, ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ, ਪੰਨਾ 28

[2] ਟੈਰੀ ਈਗਲਟਨ, ਵੈਭਵ ਸਿੰਘ(ਅਨੁ.), ਮਾਰਕਸਵਾਦ ਔਰ ਸਾਹਿਤ ਆਲੋਚਨਾ, ਆਧਾਰ ਪ੍ਰਕਾਸ਼ਨ, ਪੰਚਕੂਲਾ, ਦੂਸਰਾ ਸੰਸਕਰਣ, 2014, ਪੰਨਾ 34

[3] ਮੋਹਨ ਤਿਆਗੀ, ਉਹੀ, ਪੰਨਾ 23

[4] ਰਵੇਲ ਸਿੰਘ(ਡਾ.), ਮੀਡੀਆ: ਸਭਿਆਚਾਰਕ ਸਾਮਰਾਜਵਾਦ, ਆਰਸੀ ਪਬਲਿਸ਼ਰਜ਼, ਦਿੱਲੀ, ਦੂਜਾ ਐਡੀਸ਼ਨ, 2017, ਪੰਨਾ-97

[5] ਮੋਹਨ ਤਿਆਗੀ, ਉਹੀ, ਪੰਨਾ 37

[6] ਡਾ. ਮਨਮੋਹਨ ਸਿੰਘ, ਅਲਥਿਊਸਰ, ਪੰਜਾਬੀ ਅਕਾਦਮੀ ਦਿੱਲੀ, 2010, ਪੰਨਾ 48

[7] ਮੋਹਨ ਤਿਆਗੀ, ਉਹੀ, ਪੰਨਾ 28

[8] ਡਾ.ਸਰਬਜੀਤ ਸਿੰਘ, ਸਮਕਾਲੀ ਪੰਜਾਬੀ ਕਵਿਤਾ: ਪ੍ਰਸੰਗ ਤੇ ਪ੍ਰਵਚਨ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2014, ਪੰਨਾ 70.

[9] ਮੋਹਨ ਤਿਆਗੀ, ਉਹੀ,ਪੰਨਾ 64

[10] ਉਹੀ, ਪੰਨਾ 46

[11] ਉਹੀ, ਪੰਨਾ 68

[12] ਡਾ. ਯੋਗਰਾਜ, ਪੰਜਾਬੀ ਕਵਿਤਾ ਉਤਰ ਪੰਜਾਬ ਸੰਕਟ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012, ਪੰਨਾ 106

[13] ਮੋਹਨ ਤਿਆਗੀ, ਉਹੀ, ਪੰਨਾ 83

[14] ਹਰਵਿੰਦਰ ਭੰਡਾਲ, ਮਾਰਕਸਵਾਦ ਰਾਸ਼ਟਰਵਾਦ ਤੇ ਇਨਕਲਾਬ, ਪੰਜ ਆਬ ਪ੍ਰਕਾਸ਼ਨ, ਜਲੰਧਰ, 2021, ਪੰਨਾ 77.

[15] ਮੋਹਨ ਤਿਆਗੀ, ਉਹੀ, ਪੰਨਾ 62

[16] ਉਹੀ, ਪੰਨਾ 83